# ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਸਰਦੂਲਗੜ੍ਹ।

ਸੇਵਾ ਵਿਖੇ

ਮਾਨਯੋਗ ਰਜਿਸਟਰਾਰ ਸਹਿਬ,
ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।

ਨੰਬਰ:ਰ.ਕ/ਸਰਸ/..277.......

ਮਿਤੀ.07/04/2022

ਵਿਸ਼ਾ:- ਦੀ ਝੰਡੂਕੇ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਝੰਡੂਕੇ ਵਿੱਚ ਸੇਲਜਮੈਨ ਦੀ ਭਰਤੀ ਸਬੰਧੀ ਇਸ਼ਤਿਹਾਰ ਵਿਭਾਗ ਦੀ ਵੈਬਸਾਇਡ ਤੇ ਅੱਪ ਲੋਡ ਕਰਨ ਸਬੰਧੀ।

ਹਵਾਲਾ: ਆਪ ਜੀ ਦੇ ਦਫਤਰ ਦਾ ਹੁਕਮ ਪਿੱਠ ਅੰਕਣ ਨੰਬਰ: ਰਸਸ/ਰਿਣ-2/ਸੀ.ਏ.ਏ.4/ ਸੇਵਾ ਨਿਯਮ 1997/92 ਮਿਤੀ 27.02.2020 ਸਬੰਧੀ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਰਕਲ ਅਧੀਨ ਦੀ ਝੰਡੂਕੇ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਝੰਡੂਕੇ ਵੱਲੋਂ ਆਪਣੀ ਸਭਾ ਵਿੱਚ ਸੇਲਜਮੈਨ ਰੱਖਣ ਸਬੰਧ ਇਸ਼ਤਿਹਾਰ ਮਿਤੀ 03.04.2022 ਨੂੰ ਅਖਬਾਰ ਵਿੱਚ ਪਬਲਿਸ਼ ਕਰਵਾਇਆ ਗਿਆ ਹੈ। ਅਖਬਾਰ ਵਿੱਚ ਦਿੱਤਾ ਗਿਆ ਇਸ਼ਤਿਹਾਰ ਇਸ ਪੱਤਰ ਨਾਲ ਨੱਥੀ ਕਰਕੇ ਭੇਜ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਇਸ਼ਤਿਹਾਰ ਨੂੰ ਵਿਭਾਗ ਦੀ ਵੈਬਸਾਇਡ ਤੇ ਅੱਪ ਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

Singh

ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਸਰਦੂਲਗੜ੍ਹ।

Scanned with CamScanner

दैनिक उत्तम हिन्दू
जालंधर, रविवार 3 अप्रैल, 2022 | 3

## ਦੀ ਝੰਡੂਕੇ ਬਹੁ-ਮੰਤਵੀ ਕੋ-ਆਪ. ਐਗਰੀਕਲਚਰਲ ਸਰਵਿਸ ਸੁਸਾਇਟੀ ਲਿਮ. ਝੰਡੂਕੇ ਜਿਲਾ ਮਾਨਸਾ

ਦੀ ਝੰਡੂਕੇ ਬਹੁ- ਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ. ਝੰਡੂਕੇ ਵਿਚ ਸੇਲਜਮੈਨ ਦੀ ਖਾਲੀ ਆਸਾਮੀ ਨੂੰ ਡੀ ਸੀ ਰੇਟਾਂ ਤੇ ਭਰਨ ਸਬੰਧੀ ਉਮੀਦਵਾਰਾਂ ਪਾਸੋਂ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਉਮੀਦਵਾਰ ਦੀ ਉਮਰ 18 ਤੋਂ 37 ਸ਼ਾਲ ਤੱਕ ਹੋਣੀ ਚਾਹੀਦੀ ਹੈ। ਉਮੀਦਵਾਰ ਪਾਸ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਪਾਸੋਂ ਗਰੈਜ਼ੂਏਸ਼ਨ ਦੀ ਡਿਗਰੀ ਹੋਣੀ ਚਾਹੀਦੀ ਹੈ। ਖੇਤੀਬਾੜੀ ਸਭਾਵਾਂ ਦੇ ਕੰਮਕਾਰ ਤੋਂ ਜਾਣੂ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਉਮੀਦਵਾਰ ਪਾਸ ਭਾਰਤ ਸਰਕਾਰ ਦੇ ਇਲੈਕਟ੍ਰੋਨਿਕ ਵਿਭਾਗ ਦਾ ਓ ਲੈਵਲ ਦਾ ਸਰਟੀਫਿਕੇਟ ਜਾਂ ਸਰਕਾਰ ਤੋਂ ਮਾਨਤਾ ਪ੍ਰਾਪਤ ਕਿਸੇ ਸੰਸਥਾ ਪਾਸੋਂ ISO : 9001 ਅਨੁਸਾਰ ਤਸਦੀਕ ਸ਼ੁਦਾ ਹੋਵੇ ਅਤੇ ਘੱਟੋ ਘੱਟ 120 ਘੰਟੇ ਦਾ ਕੰਪਿਊਟਰ ਕੋਰਸ ਦਾ ਸਰਟੀਫਿਕੇਟ ਹੋਣਾ ਚਾਹੀਦਾ ਹੈ। ਉਮੀਦਵਾਰ ਪਾਸ ਦੱਸਵੀ ਪੱਧਰ ਤੇ ਪੰਜਾਬੀ ਦੀ ਵਿਦਿਅੱਕ ਯੋਗਤਾ ਹੋਣੀ ਚਾਹੀਦੀ ਹੈ। ਉਮੀਦਵਾਰ ਪੇਂਡੂ ਪਿਛੋਕੜ ਦਾ ਹੋਣਾ ਚਾਹੀਦਾ ਹੈ। ਭਰਤੀ ਸਮੇਂ ਪੇਸ਼ ਕੀਤੇ ਗਏ ਅਸਲ ਦਸਤਾਵੇਜ ਜਾਅਲੀ ਪਾਏ ਜਾਣ ਤੇ ਨਿਯੁਕਤੀ ਰੱਦ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਵ ਨਿਯੁਕਤ ਉਮੀਦਵਾਰ ਪਾਸੋਂ 50,000 ਰੁਪਏ ਜਾਂ ਇੱਕ ਏਕੜ ਦੀ ਜਮਾਨਤ ਲਈ ਜਾਵੇਗੀ।

ਨੋਟ- ਚਾਹਵਾਨ ਉਮੀਦਵਾਰ ਮਿਤੀ 18-01-2022 ਸ਼ਾਮ 04 ਵਜੇ ਤੱਕ ਅਰਜ਼ੀਆਂ ਸਭਾ ਦੇ ਕਮੇਟੀ ਮੈਂਬਰ ਜਗਜੀਤ ਸਿੰਘ ਕੋਲ ਜਮਾਂ ਕਰਵਾ ਸਕਦੇ ਹਨ। ਸੇਲਜ਼ਮੈਨ ਦੀ ਪੋਸਟ ਲਈ ਇੰਟਰਵਿਊ ਮਿਤੀ 22-04-2022 ਦਿਨ ਸ਼ੁਕਰਵਾਰ ਨੂੰ ਸਵੇਰੇ 10 ਵਜੇ ਸਹਿਕਾਰੀ ਸਭਾ ਪਿੰਡ ਝੰਡੂਕੇ ਦੇ ਦਫਤਰ ਵਿਖੇ ਹੋਵੇਗੀ। ਉਮੀਦਵਾਰ ਇੰਟਰਵਿਊ ਸਮੇਂ ਅਸਲ ਦਸਤਾਵੇਜ਼ ਨਾਲ ਲੈ ਕੇ ਆਉਣ। ਸਬ ਕਮੇਟੀ ਕੋਲ ਨਿਯੁਕਤੀ ਰੱਦ ਕਰਨ ਜਾਂ ਮੁਅੱਤਲ ਕਰਨ ਦੇ ਸਾਰੇ ਅਧਿਕਾਰ ਰਾਖਵੇਂ ਹੋਣਗੇ। ਸਬ ਕਮੇਟੀ ਦਾ ਫੈਸਲਾ ਆਖਰੀ ਹੋਵੇਗਾ। ਅਧੂਰੇ ਦਸਤਾਵੇਜ਼ਾਂ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

ਜਗਜੀਤ ਸਿੰਘ ਕਮੇਟੀ ਮੈਂਬਰ
ਦੀ ਝੰਡੂਕੇ ਬਹੁ-ਮੰਤਵੀ ਖੇਤੀਬਾੜੀ ਸਹਿਕਾਰੀ
ਸੇਵਾ ਸਭਾ ਝੰਡੂਕੇ।

(3785)

Scanned with CamScanner

ਜੁਝਾਰ ਟਾਈਮਜ਼

( ੨੧ ਚੇਤ ਨਾਨਕਸ਼ਾਹੀ ਸੰਮਤ ੫੫੪)

ਐਤਵਾਰ, 3 ਅਪ੍ਰੈਲ 2022

3


**ਸੋਨੇ ਤੇ ਚਾਂਦੀ ਦਾ ਅੱਜ ਦਾ ਭਾਅ**



- ਸੋਨੇ ਦਾ ਭਾਅ ਪ੍ਰਤੀ 10 ਗ੍ਰਾਮ

੫੩,੧੯੫

ਚਾਂਦੀ ਦਾ ਭਾਅ ਪ੍ਰਤੀ 1 ਕਿਲੋਗ੍ਰਾਮ

੬੭,੬੦੦

# ਨੋਟਿਸ

**ਦੀ ਝੰਡੂਕੇ ਬਹੁ-ਮੰਤਵੀ ਕੋ-ਆਪ. ਐਗਰੀਕਲਚਰਲ ਸਰਵਿਸ ਸੁਸਾਇਟੀ ਲਿਮ.**

**ਝੰਡੂਕੇ ਜਿਲਾ ਮਾਨਸਾ**

ਦੀ ਝੰਡੂਕੇ ਬਹੁ- ਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ. ਝੰਡੂਕੇ ਵਿਚ ਸੇਲਜਮੈਨ ਦੀ ਖਾਲੀ ਆਸਾਮੀ ਨੂੰ ਡੀ.ਸੀ ਰੇਟਾਂ ਤੇ ਭਰਨ ਸਬੰਧੀ ਉਮੀਦਵਾਰਾਂ ਪਾਸੋਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਉਮੀਦਵਾਰ ਦੀ ਉਮਰ 18 ਤੋਂ 37 ਸਾਲ ਤੱਕ ਹੋਣੀ ਚਾਹੀਦੀ ਹੈ। ਉਮੀਦਵਾਰ ਪਾਸ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਪਾਸੋਂ ਗਰੇਜੂਏਸ਼ਨ ਦੀ ਡਿਗਰੀ ਹੋਣੀ ਚਾਹੀਦੀ ਹੈ। ਖੇਤੀਬਾੜੀ ਸਭਾਵਾਂ ਦੇ ਕੰਮਕਾਰ ਤੋਂ ਜਾਣੂ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਉਮੀਦਵਾਰ ਪਾਸ ਭਾਰਤ ਸਰਕਾਰ ਦੇ ਇਲੈਕਟ੍ਰਾਨਿਕ ਵਿਭਾਗ ਦਾ ਓ ਲੈਵਲ ਦਾ ਸਰਟੀਫਿਕੇਟ ਜਾਂ ਸਰਕਾਰ ਤੋਂ ਮਾਨਤਾ ਪ੍ਰਾਪਤ ਕਿਸੇ ਸੰਸਥਾ ਪਾਸੋਂ ISO - 9001 ਅਨੁਸਾਰ ਤਸਦੀਕ ਸ਼ੁਦਾ ਹੋਵੇ ਅਤੇ ਘੱਟੋ ਘੱਟ 120 ਘੰਟੇ ਦਾ ਕੰਪਿਊਟਰ ਕੋਰਸ ਦਾ ਸਰਟੀਫਿਕੇਟ ਹੋਣਾ ਚਾਹੀਦਾ ਹੈ। ਉਮੀਦਵਾਰ ਪਾਸ ਦਸਵੀਂ ਪੱਧਰ ਤੇ ਪੰਜਾਬੀ ਦੀ ਵਿਦਿਅਕ ਯੋਗਤਾ ਹੋਣੀ ਚਾਹੀਦੀ ਹੈ। ਉਮੀਦਵਾਰ ਪੰਜਾਬ ਪਿਛੋਕੜ ਦਾ ਹੋਣਾ ਚਾਹੀਦਾ ਹੈ। ਭਰਤੀ ਸਮੇਂ ਪੇਸ਼ ਕੀਤੇ ਗਏ ਅਸਲ ਦਸਤਾਵੇਜ ਜਾਅਲੀ ਪਾਏ ਜਾਣ ਤੇ ਨਿਯੁਕਤੀ ਰੱਦ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਨਵ ਨਿਯੁਕਤ ਉਮੀਦਵਾਰ ਪਾਸੋਂ 50,000 ਰੁਪਏ ਜਾਂ ਇਕ ਏਕੜ ਦੀ ਜਮਾਨਤ ਲਈ ਜਾਵੇਗੀ।

ਨੋਟ- ਚਾਹਵਾਨ ਉਮੀਦਵਾਰ ਮਿਤੀ 18-04-2022 ਸ਼ਾਮ 04ਵਜੇ ਤੱਕ ਅਰਜੀਆਂ ਸਭਾ ਦੇ ਕਮੇਟੀ ਮੈਂਬਰ ਜਗਜੀਤ ਸਿੰਘ ਕੋਲ ਜਮਾਂ ਕਰਵਾ ਸਕਦੇ ਹਨ। ਸੇਲਜਮੈਨ ਦੀ ਪੋਸਟ ਲਈ ਇੰਟਰਵਿਊ ਮਿਤੀ 22-04-2022 ਦਿਨ ਸ਼ੁਕਰਵਾਰ ਨੂੰ ਸਵੇਰ 10ਵਜੇ ਸਹਿਕਾਰੀ ਸਭਾ ਪਿੰਡ ਝੰਡੂਕੇ ਦੇ ਦਫਤਰ ਵਿਖੇ ਹੋਵੇਗੀ। ਉਮੀਦਵਾਰ ਇੰਟਰਵਿਊ ਸਮੇਂ ਅਸਲੀ ਦਸਤਾਵੇਜ ਨਾਲ ਲੈ ਕੇ ਆਉਣ। ਸਬ ਕਮੇਟੀ ਕੋਲ ਨਿਯੁਕਤੀ ਰੱਦ ਕਰਨ ਜਾਂ ਮੁਲਤਵੀ ਕਰਨ ਦੇ ਸਾਰੇ ਅਧਿਕਾਰ ਰਾਖਵੇਂ ਹੋਣਗੇ। ਸਬ ਕਮੇਟੀ ਦਾ ਫੈਸਲਾ ਆਖਰੀ ਹੋਵੇਗਾ। ਅਧੂਰੇ ਦਸਤਾਵੇਜਾਂ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

**ਜਗਜੀਤ ਸਿੰਘ ਕਮੇਟੀ ਮੈਂਬਰ**

**ਦੀ ਝੰਡੂਕੇ ਬਹੁ-ਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਝੰਡੂਕੇ।**

Scanned with CamScanner